بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੰਤੋਖ, ਸਾਦਗੀ ਅਤੇ ਮਿਸਕੀਨੀ ਦੀ ਰੌਸ਼ਨੀ ਵਿੱਚ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੀਰਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 16 ਅਕਤੂਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّاۤ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਸੂਰਤ ਸਾਦ ਦੀ ਆਯਤ ਦਾ ਤਰਜਮਾ ਪੇਸ਼ ਕੀਤਾ: "ਤੂੰ ਕਹਿ ਦੇ ਕਿ ਮੈਂ ਇਸ ਤਬਲੀਗ਼ 'ਤੇ ਜਾਂ ਕੰਮ 'ਤੇ ਤੁਹਾਡੇ ਕੋਲੋਂ ਕੋਈ ਬਦਲਾ ਨਹੀਂ ਮੰਗਦਾ ਅਤੇ ਨਾ ਮੈਂ ਬਣਾਵਟ ਨਾਲ ਗੱਲ ਕਰਨ ਦਾ ਆਦੀ ਹਾਂ।"

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸ ਆਯਤ ਵਿੱਚ ਅੱਲਾਹ ਤਆਲਾ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਕੋਲੋਂ ਐਲਾਨ ਕਰਵਾ ਰਿਹਾ ਹੈ ਕਿ ਲੋਕਾਂ ਵਿੱਚ ਇਹ ਐਲਾਨ ਕਰ ਦੇ ਕਿ ਮੈਂ ਤੁਹਾਨੂੰ ਜਿਹੜਾ ਖ਼ੁਦਾ ਤਆਲਾ ਦਾ **ਪੈਗ਼ਾਮ** ਪਹੁੰਚਾ ਰਿਹਾ ਹਾਂ ਅਤੇ **ਬਿਹਤਰੀ** ਦੇ ਰਸਤੇ ਦਿਖਾ ਰਿਹਾ ਹਾਂ ਇਹ ਤੁਹਾਡੀ ਦੁਨੀਆ ਅਤੇ ਆਖ਼ਿਰਤ ਸਵਾਰਨ ਅਤੇ ਤੁਹਾਡੇ ਫ਼ਾਇਦੇ ਦੇ ਲਈ ਹੈ। ਮੈਨੂੰ ਇਸ ਕੰਮ ਦੇ ਬਦਲੇ ਤੁਹਾਡੇ ਕੋਲੋਂ ਕੁੱਝ ਨਹੀਂ ਚਾਹੀਦਾ ਅਤੇ ਨਾ ਲੋੜ ਹੈ। ਮੈਨੂੰ ਤਾਂ ਇਸ ਦਾ ਬਦਲਾ ਸਭ ਖ਼ਜ਼ਾਨਿਆਂ ਦੇ ਮਾਲਿਕ ਕੋਲੋਂ ਮਿਲ ਰਿਹਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਦੀ ਜ਼ਿੰਦਗੀ ਇਨ੍ਹਾਂ ਬਣਾਵਟਾਂ ਤੋਂ ਪਾਕ ਸੀ ਅਤੇ ਜਦ ਜ਼ਿੰਦਗੀ ਬਣਾਵਟਾਂ ਤੋਂ ਪਾਕ ਹੋਵੇ ਤਾਂ ਦੁਨਿਆਵੀ ਖ਼ਾਹਿਸ਼ਾਂ ਹੁੰਦੀਆਂ ਹੀ ਨਹੀਂ ਅਤੇ ਲੋੜ ਦੀਆਂ ਚੀਜ਼ਾਂ ਅੱਲਾਹ ਤਆਲਾ ਖ਼ੁਦ ਮੁਹਈਆ ਕਰ ਦਿੰਦਾ ਹੈ। ਮੋਮਿਨਾਂ ਨੂੰ ਵੀ ਇਹ ਨਸੀਹਤਾਂ ਹਨ ਕਿ ਆਪਣੇ ਆਪ ਨੂੰ ਸਾਦਾ ਰੱਖੋ ਅਤੇ ਬਣਾਵਟ ਤੋਂ ਪਾਕ ਕਰੋ।

ਹਜ਼ਰਤ ਉਸਮਾਨ ਬਿਨ ਅੱਫ਼ਾਨ ਰਜ਼ਿਯੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਨਬੀ ਕਰੀਮ ਸਲ੍ ਲੱਲਾਹੁ ਅਲੈਹਿ ਵਸੱਲਮ੍ ਨੇ ਫ਼ਰਮਾਇਆ ਕਿ ਇਬਨਿ ਆਦਮ ਦੇ ਲਈ ਕੋਈ ਹੱਕ ਨਹੀਂ ਇਨ੍ਹਾਂ ਗੱਲਾਂ ਦੇ ਸਿਵਾਏ ਕਿ ਇੱਕ **ਘਰ** ਹੋਵੇ ਜਿਸ ਵਿੱਚ ਉਹ ਰਹੇ, ਇਸ ਕ਼ਦਰ **ਕੱਪੜੇ** ਹੋਣ ਜਿਹੜੇ ਉਸ ਦੇ ਨੰਗ ਨੂੰ ਢੱਕ ਸਕਣ ਅਤੇ ਰੁੱਖੀ-ਸੁੱਖੀ **ਰੋਟੀ** ਅਤੇ ਪਾਣੀ ਹੋਵੇ। ਅਸਲ ਵਿੱਚ ਆਪ ﷺ ਆਪਣਾ ਹਾਲ ਅਤੇ ਆਪਣੀ ਜ਼ਿੰਦਗੀ ਦਾ ਨਕ਼ਸ਼ਾ ਖਿੱਚ ਰਹੇ ਸਨ ਕਿ ਮੈਨੂੰ ਕਿਸੇ ਬਣਾਵਟ ਦੀ ਲੋੜ ਨਹੀਂ ਹੈ। ਇਹੀ ਵਜ੍ਹਾ ਹੈ ਕਿ ਆਪ ﷺ ਇਹ ਦੁਆ ਕਰਦੇ ਸਨ ਜਿਸ ਦਾ ਜ਼ਿਕਰ ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ਿਯੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਆਪ ﷺ ਨੇ ਫ਼ਰਮਾਇਆ: ਮਿਸਕੀਨਾਂ ਨਾਲ ਮੁਹੱਬਤ ਕਰੋ ਅਤੇ ਖ਼ੁਦ ਇਹ ਕਹਿੰਦੇ ਹਨ ਕਿ ਮੈਂ ਆਪ ﷺ ਨੂੰ ਆਪਣੀਆਂ ਦੁਆਵਾਂ ਵਿੱਚ ਇਹ ਕਹਿੰਦੇ ਹੋਏ ਸੁਣਿਆ: ਐ ਅੱਲਾਹ ਮੈਨੂੰ ਮਿਸਕੀਨ ਦੇ ਤੌਰ 'ਤੇ **ਜਿਉਂਦਾ** ਰੱਖਣਾ ਅਤੇ ਮਿਸਕੀਨ ਦੇ ਤੌਰ 'ਤੇ **ਮੌਤ** ਦੇਣਾ ਅਤੇ ਮਿਸਕੀਨਾਂ ਦੇ ਗਿਰੋਹ ਵਿੱਚ ਮੇਰਾ **ਹਸ਼ਰ** ਕਰਨਾ।

ਹਜ਼ਰਤ ਅਬੂ ਅਮਾਮਾ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਸਹਾਬਾ ਨੇ ਆਪ ﷺ ਦੇ ਕੋਲ਼ ਦੁਨੀਆ ਦਾ ਜ਼ਿਕਰ ਕੀਤਾ ਤਾਂ ਆਪ ﷺ ਨੇ ਦੋ ਵਾਰ ਮੁਖ਼ਾਤਿਬ ਕਰਕੇ ਤਵੱਜੋ ਦਵਾਈ ਕੇ ਕੀ ਤੁਸੀਂ ਨਹੀਂ ਸੁਣਦੇ ਕਿ ਬੇ-ਸ਼ੱਕ **ਸਾਦਗੀ** ਈਮਾਨ ਦਾ ਹਿੱਸਾ ਹੈ, ਬੇ-ਸ਼ੱਕ ਸਾਦਗੀ ਈਮਾਨ ਦਾ ਹਿੱਸਾ ਹੈ। ਹਜ਼ਰਤ ਇਮਰਾਨ ਬਿਨ ਹੁਸੈਨ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਪ ﷺ ਨੇ ਫ਼ਰਮਾਇਆ ਕਿ ਬੇ-ਸ਼ੱਕ ਅੱਲਾਹ ਆਪਣੇ ਉਸ ਬੰਦੇ ਨਾਲ਼ ਮੁਹੱਬਤ ਕਰਦਾ ਹੈ ਜਿਹੜਾ ਮੋਮਿਨ ਹੋਵੇ ਅਤੇ ਬਾਲ ਬੱਚੇਦਾਰ ਹੋਵੇ ਅਤੇ ਲੋੜਵੰਦ ਹੋਵੇ ਪਰ ਮੰਗਣ ਤੋਂ ਬਚਣ ਵਾਲ਼ਾ ਹੋਵੇ। ਮੰਗਣ ਤੋਂ ਇਨਸਾਨ ਉਸੇ ਵੇਲ਼ੇ ਬਚ ਸਕਦਾ ਹੈ ਜਦ **ਸਾਦਗੀ** ਅਤੇ **ਸੰਤੋਖ** ਹੋਵੇ। ਹਜ਼ਰਤ ਅਬਦੁੱਲਾਹ ਬਿਨ ਉਮਰ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੁਹਾਜਿਰ ਗ਼ਰੀਬਾਂ ਨੇ ਆਪ ﷺ ਦੇ ਕੋਲ਼ ਦੌਲਤ ਮੰਦਾਂ ਦੀ ਫ਼ਜ਼ੀਲਤ ਦੀ ਸ਼ਿਕਾਇਤ ਕੀਤੀ ਤਾਂ ਆਪ ﷺ ਨੇ ਖ਼ੁਸ਼ਖ਼ਬਰੀ ਦਿੱਤੀ ਕਿ ਗ਼ਰੀਬ ਮੋਮਿਨ ਜੱਨਤ ਵਿੱਚ ਆਪਣੇ ਦੌਲਤ ਮੰਦਾਂ ਤੋਂ ਅੱਧੇ ਦਿਨ ਯਾਨੀ 500 ਸਾਲ ਪਹਿਲਾਂ ਦਾਖ਼ਿਲ ਹੋਣਗੇ। ਰਾਵੀ ਮੂਸਾ ਨੇ ਆਯਤ ਪੜ੍ਹੀ "ਅਤੇ ਬੇ-ਸ਼ੱਕ ਤੇਰੇ ਰੱਬ ਦੇ ਕੋਲ਼ ਅਜਿਹਾ ਵੀ ਦਿਨ ਹੈ ਜਿਹੜਾ ਇਸ ਸ਼ੁਮਾਰ ਦੇ ਮੁਤਾਬਿਕ਼ ਜੋ ਤੁਸੀਂ ਕਰਦੇ ਹੋ ਇੱਕ ਹਜ਼ਾਰ ਵਰ੍ਹੇ ਦਾ ਹੈ" ਯਾਨੀ ਅੱਧੇ ਦਿਨ ਤੋਂ ਮੁਰਾਦ 500 ਸਾਲ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸ ਦਾ ਮਤਲਬ ਇਹ ਨਹੀਂ ਕਿ ਇਨਸਾਨ ਹੱਥ 'ਤੇ ਹੱਥ ਧਰ ਕੇ ਬੈਠ ਜਾਵੇ ਅਤੇ ਕੰਮ ਨਾ ਕਰੇ ਬਲਕਿ ਪੂਰੀ **ਤਵੱਜੋ** ਅਤੇ **ਮਿਹਨਤ** ਨਾਲ਼ ਕੰਮ ਕਰਨਾ, ਸਾਦੀ ਜ਼ਿੰਦਗੀ ਗੁਜ਼ਾਰਨਾ, ਸਬਰ ਕਰਨਾ ਅਤੇ ਸ਼ੁਕਰ ਕਰਨਾ ਮੋਮਿਨ ਦੀ ਖ਼ਾਸੀਅਤ ਹੈ। ਜਿਹੜੀ ਈਮਾਨ ਵਿੱਚ ਵਾਧਾ ਕਰਦੀ ਹੈ।

ਹਜ਼ਰਤ ਅਬਦੁੱਲਾਹ ਬਿਨ ਉਮਰ ਰਜ਼ਿਯੱਲਾਹੁ ਅਨਹੁ ਤੋ ਰਿਵਾਇਤ ਹੈ ਕਿ ਆਪ ﷺ ਨੇ ਮੇਰੇ ਮੋਢਿਆਂ ਨੂੰ ਪਕੜਿਆ ਅਤੇ ਫ਼ਰਮਾਇਆ ਕਿ ਤੂੰ ਦੁਨੀਆ ਵਿੱਚ ਇਸ ਤਰ੍ਹਾਂ ਜ਼ਿੰਦਗੀ ਲੰਘਾ ਕਿ ਜਿਵੇਂ ਤੂੰ ਪਰਦੇਸੀ ਹੈਂ ਜਾਂ ਰਾਹ ਚੱਲਦਾ ਹੋਇਆ ਮੁਸਾਫ਼ਿਰ ਹੈਂ। ਹਜ਼ਰਤ ਇਬਨਿ ਉਮਰ ਰਜ਼ਿਯੱਲਾਹੁ ਅਨਹੁ ਕਹਿੰਦੇ ਹਨ ਕਿ ਆਪ ﷺ ਨੇ ਫ਼ਰਮਾਇਆ: ਸ਼ਾਮ ਹੋਵੇ ਤਾਂ **ਸਵੇਰ** ਦਾ ਇੰਤਿਜ਼ਾਰ ਨਾ ਕਰੋ ਅਤੇ ਜਦ ਸਵੇਰ ਹੋਵੇ ਤਾਂ **ਸ਼ਾਮ** ਦਾ ਇੰਤਜ਼ਾਰ ਨਾ ਕਰੋ ਅਤੇ ਆਪਣੀ ਸਿਹਤ ਕੋਲ਼ੋਂ ਬਿਮਾਰੀ ਦੇ ਲਈ ਅਤੇ ਜ਼ਿੰਦਗੀ ਕੋਲ਼ੋਂ ਮੌਤ ਦੇ ਲਈ ਕੁੱਝ ਸਮਾਨ ਲੈ ਲਓ।

ਹਜ਼ਰਤ ਉਮਰ ਰਜ਼ਿਯੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਉਨ੍ਹਾਂ ਨੇ ਮਿੰਬਰ 'ਤੇ ਫ਼ਰਮਾਇਆ ਕਿ ਮੈਂ ਆਪ ﷺ ਕੋਲ਼ੋਂ ਸੁਣਿਆ; ਆਪ ﷺ ਫ਼ਰਮਾਉਂਦੇ ਸਨ ਕਿ ਮੇਰੀ ਤਾਰੀਫ਼ ਵਧਾ ਚੜ੍ਹਾ ਕੇ ਨਾ ਕਰੋ ਜਿਵੇਂ ਈਸਾਈਆਂ ਨੇ ਇਬਨਿ ਮਰਯਮ (ਹਜ਼ਰਤ ਈਸਾ ਅਲੈਹਿਸ੍ ਸਲਾਮ੍) ਦੀ ਤਾਰੀਫ਼ ਵਧਾ ਚੜ੍ਹਾ ਕੇ ਕੀਤੀ। ਮੈਂ ਤਾਂ ਸਿਰਫ਼ ਅੱਲਾਹ ਦਾ ਬੰਦਾ ਹਾਂ ਅਤੇ ਤੁਸੀਂ ਇਹੀ ਕਹੋ ਕਿ ਉਸ ਦਾ **ਬੰਦਾ** ਅਤੇ ਉਸ ਦਾ **ਰਸੂਲ**।

ਹਜ਼ਰਤ ਮੁਤੱਰਿਫ਼ ਰਜ਼ਿਯੱਲਾਹੁ ਅਨਹੁ ਨੇ ਆਪਣੇ ਵਾਲਿਦ ਤੋਂ ਬਿਆਨ ਕੀਤਾ ਕਿ ਅਸੀਂ ਬਨੂ ਆਮਿਰ ਦੇ ਵਫ਼ਦ ਵਿੱਚ ਆਪ ﷺ ਨੂੰ ਕਿਹਾ ਕਿ ਆਪ ﷺ ਸਾਡੇ ਸਰਦਾਰ ਹੋ। ਆਪ ﷺ ਨੇ ਫ਼ਰਮਾਇਆ ਕਿ ਸਰਦਾਰ ਤਾਂ ਅੱਲਾਹ ਹੈ। ਫਿਰ ਕਿਹਾ ਕਿ ਆਪ ﷺ ਆਪਣੀ **ਵਡਿਆਈ** ਵਿੱਚ ਬਹੁਤ ਮਹਾਨ ਅਤੇ **ਅਹਿਸਾਨ** ਵਿੱਚ ਬਹੁਤ ਮਹਾਨ ਹੋ ਤਾਂ ਆਪ ﷺ ਨੇ ਫ਼ਰਮਾਇਆ ਕਿ ਆਪਣੀ ਗੱਲ ਬਿਆਨ ਕਰੋ ਇਹ ਫ਼ਜ਼ੂਲ ਕ਼ਿਸਮ ਦੀਆਂ ਤਾਰੀਫ਼ਾਂ ਨਾ ਕਰੋ, ਸ਼ੈਤਾਨ ਤੁਹਾਨੂੰ ਦਲੇਰ ਨਾ ਕਰ ਦੇਵੇ। ਹਜ਼ਰਤ ਰਬੀ ਬਿਨ ਮਊਜ਼ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਉਨ੍ਹਾਂ ਦੇ ਵਿਆਹ 'ਤੇ ਬੱਚੀਆਂ ਡਫ਼ਲੀ ਵਜਾ ਕੇ ਬਦਰ ਦੇ ਸ਼ਹੀਦਾਂ ਦੀ ਤਾਰੀਫ਼ ਕਰ ਰਹੀਆਂ ਸਨ। ਉਨ੍ਹਾਂ ਵਿੱਚੋਂ ਇੱਕ ਲੜਕੀ ਨੇ ਕਿਹਾ ਕਿ ਸਾਡੇ ਵਿੱਚ ਇੱਕ ਅਜਿਹਾ ਨਬੀ ਹੈ ਜਿਹੜਾ ਜਾਣਦਾ ਹੈ ਕਿ ਕੱਲ ਕੀ ਕੁੱਝ ਹੋਵੇਗਾ। ਆਪ ﷺ ਨੇ ਫ਼ਰਮਾਇਆ ਕਿ ਇਸ ਨੂੰ ਜਾਣ ਦਿਓ ਅਤੇ ਉਹੀ ਗਾਓ ਜੋ ਪਹਿਲਾਂ ਗਾ ਰਹੀਆਂ ਸੀ। ਜਿੱਥੇ ਗ਼ੈਰ ਜ਼ਰੂਰੀ ਤਾਰੀਫ਼ ਅਤੇ ਸ਼ਿਰਕ ਦੀ ਗੱਲ ਹੋਈ ਉੱਥੇ ਆਪ ﷺ ਨੇ ਫ਼ੌਰਨ ਟੋਕ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਦੇ ਮਕਾਨ ਅਤੇ ਰਿਹਾਇਸ਼ ਦੀ ਸਾਦਗੀ ਦੇ ਬਾਰੇ ਇਵੇਂ ਜ਼ਿਕਰ ਮਿਲ਼ਦਾ ਹੈ ਕਿ ਹਿਜਰਤ ਦੇ ਬਾਅਦ ਮਸਜਿਦਿ ਨਬਵੀ ਦੇ ਨਾਲ਼ 10-15 ਫੁੱਟ ਦਾ ਛੋਟਾ ਜਿਹਾ ਕਮਰਾ ਤਿਆਰ ਕੀਤਾ ਗਿਆ ਜਿਸ ਦਾ ਬੂਹਾ ਮਸਜਿਦ ਵਿੱਚ ਖੁੱਲ੍ਹਦਾ ਸੀ ਅਤੇ ਉੱਥੋਂ ਹੀ ਆਪ ﷺ ਨਮਾਜ਼ ਦੇ ਲਈ ਤਸ਼ਰੀਫ਼ ਲਿਆਉਂਦੇ ਸਨ। ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਐਮ.ਏ ਰਜ਼ਿਯੱਲਾਹੁ ਅਨਹੁ ਨੇ "ਸੀਰਤ ਖ਼ਾਤਮੁਨ ਨਬਿੱਯੀਨ" ਵਿੱਚ ਲਿਖਿਆ

ਹੈ ਅਤੇ ਤਾਰੀਖ਼ ਵਿੱਚ ਤਫ਼ਸੀਲ ਹੈ ਕਿ ਹਜ਼ਰਤ ਹਾਰਸਾ ਬਿਨ ਨੁਅਮਾਨ ਰਜ਼ਿਯੱਲਾਹੁ ਅਨਹੁ ਦੇ ਮਸਜਿਦ ਦੇ ਆਲੇ ਦੁਆਲੇ ਕਈ ਮਕਾਨ ਸਨ। ਜਦ ਵੀ ਆਪ ﷺ ਦੇ **ਨਿਕਾਹ** ਵਿੱਚ ਕੋਈ ਨਵੀਂ ਪਤਨੀ ਆਉਂਦੀ ਤਾਂ ਹਜ਼ਰਤ ਹਾਰਸਾ ਬਿਨ ਨੁਅਮਾਨ ਰਜ਼ਿਯੱਲਾਹੁ ਅਨਹੁ ਆਪਣਾ ਇੱਕ ਮਕਾਨ ਦੇ ਦਿੰਦੇ ਇੱਥੋਂ ਤੱਕ ਕਿ ਹਜ਼ਰਤ ਹਾਰਸਾ ਬਿਨ ਨੁਅਮਾਨ ਰਜ਼ਿਯੱਲਾਹੁ ਅਨਹੁ ਦੇ ਸਾਰੇ ਮਕਾਨ ਆਪ ﷺ ਦੇ ਹੋ ਗਏ। ਕੁੱਲ ਨੌ ਮਕਾਨ ਸਨ ਜਿਨ੍ਹਾਂ ਵਿੱਚ ਆਪ ﷺ ਨੇ ਆਖ਼ਰੀ ਦਸ ਵਰ੍ਹੇ ਲੰਘਾਏ ਅਤੇ ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਦੇ ਘਰ ਵਿੱਚ ਦਫ਼ਨ ਹੋਏ। ਇਹ ਮਕਾਨ ਕੱਚੀਆਂ ਇੱਟਾਂ, ਗਾਰੇ ਅਤੇ ਖਜੂਰਾਂ ਦੀਆਂ **ਟਹਿਣੀਆਂ** ਦੇ ਸਨ ਜਿਨ੍ਹਾਂ 'ਤੇ ਵਾਲ਼ਾਂ ਦੇ ਕੰਬਲ ਪਾਏ ਗਏ ਸਨ ਤਾਂ ਜੋ ਬੇ-ਪਰਦਗੀ ਨਾ ਹੋਵੇ। ਹਰ ਕਮਰੇ ਦੀ ਲੰਬਾਈ ਤਕ਼ਰੀਬਨ ਪੰਜ ਮੀਟਰ ਅਤੇ ਚੌੜਾਈ ਚਾਰ ਮੀਟਰ ਸੀ। ਵਿਹੜੇ ਦੀ ਚੌੜਾਈ ਤਕ਼ਰੀਬਨ ਸਾਢੇ ਤਿੰਨ ਮੀਟਰ ਸੀ ਅਤੇ ਛੱਤਾਂ ਇੰਨੀਆਂ ਬੁਲੰਦੀ 'ਤੇ ਸਨ ਕਿ ਹੱਥ ਚੁੱਕ ਕੇ ਛੂਹਿਆ ਜਾ ਸਕਦਾ ਸੀ। ਹਜ਼ਰਤ ਅਤਾ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਸਈਦ ਬਿਨ ਮੁਸੱਯਬ ਰਜ਼ਿਯੱਲਾਹੁ ਅਨਹੁ ਨੇ ਕਮਰੇ ਢਾਹੇ ਜਾਣ ਦੇ ਦਿਨ ਕਿਹਾ ਕਿ ਅੱਲਾਹ ਦੀ ਕ਼ਸਮ ਮੈਂ ਚਾਹੁੰਦਾ ਸੀ ਕਿ ਇਨ੍ਹਾਂ ਕਮਰਿਆਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਜਾਂਦਾ ਤਾਂ ਜੋ ਲੋਕ ਦੇਖਦੇ ਕਿ ਆਪ ﷺ ਨੇ ਕਿਸ ਕ਼ਦਰ ਘੱਟ 'ਤੇ ਗੁਜ਼ਾਰਾ ਕੀਤਾ ਸੀ। ਹਜ਼ਰਤ ਅਬੂ ਅਮਾਮਾ ਰਜ਼ਿਯੱਲਾਹੁ ਅਨਹੁ ਨੇ ਵੀ ਇਹੀ ਕਿਹਾ ਕਿ ਕਾਸ਼! ਇਨ੍ਹਾਂ ਕਮਰਿਆਂ ਨੂੰ ਛੱਡ ਦਿੱਤਾ ਜਾਂਦਾ ਤਾਂ ਜੋ ਲੋਕ ਇਮਾਰਤਾਂ ਬਣਾਉਣ ਵਿੱਚ ਕਮੀ ਕਰਦੇ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ: ਖ਼ਿਆਲ ਕਰਨਾ ਚਾਹੀਦਾ ਹੈ ਕਿ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਨੇ ਆਪਣੇ ਨਬੀ ਹੋਣ ਦੇ ਦਾਅਵੇ 'ਤੇ ਹਜ਼ਾਰਾਂ ਖ਼ਤਰਿਆਂ ਦੇ ਪੈਦਾ ਹੋ ਜਾਣ ਦੇ ਬਾਵਜੂਦ ਸ਼ੁਰੂ ਤੋਂ ਲੈ ਕੇ ਆਖ਼ਿਰ ਦਮ ਤੱਕ ਸਾਬਿਤ ਅਤੇ ਕ਼ਾਇਮ ਰਹੇ। ਵਰ੍ਹਿਆਂ ਤੱਕ ਉਹ ਮੁਸੀਬਤਾਂ ਦੇਖੀਆਂ, ਉਹ ਦੁੱਖ ਉਠਾਉਣੇ ਪਏ ਜਿਹੜੇ ਕਾਮਯਾਬੀ ਤੋਂ ਬਿਲਕੁਲ **ਮਾਯੂਸ** ਕਰਦੇ ਸਨ ਅਤੇ ਦਿਨ-ਬ-ਦਿਨ ਵਧਦੇ ਜਾਂਦੇ ਸਨ ਕਿ ਜਿਨ੍ਹਾਂ 'ਤੇ ਸਬਰ ਕਰਨ ਨਾਲ ਕਿਸੇ ਦੁਨਿਆਵੀ ਮਕ਼ਸਦ ਦਾ ਹਾਸਿਲ ਹੋ ਜਾਣਾ ਵਹਿਮ ਵਿੱਚ ਵੀ ਨਹੀਂ ਆ ਸਕਦਾ ਸੀ। ਫਿਰ ਜਦ ਲੰਮੀ ਮੁੱਦਤ ਦੇ ਬਾਅਦ ਇਸਲਾਮ ਦਾ ਗ਼ਲਬਾ ਹੋਇਆ ਤਾਂ ਉਨ੍ਹਾਂ ਦੌਲਤ ਅਤੇ ਚੜ੍ਹਦੀ ਕਲਾ ਦੇ ਦਿਨਾਂ ਵਿੱਚ ਕੋਈ ਖ਼ਜ਼ਾਨਾ ਇਕੱਠਾ ਨਹੀਂ ਕੀਤਾ, ਕੋਈ ਇਮਾਰਤ ਨਹੀਂ ਬਣਾਈ ਬਲਕਿ ਜੋ ਕੁਝ ਆਇਆ ਉਹ ਸਭ **ਯਤੀਮਾਂ** ਅਤੇ **ਮਿਸਕੀਨਾਂ** ਅਤੇ ਵਿਧਵਾ **ਔਰਤਾਂ** ਅਤੇ **ਕ਼ਰਜ਼ਦਾਰਾਂ** ਦੀ ਖ਼ਬਰਗੀਰੀ ਵਿੱਚ ਖ਼ਰਚ ਹੁੰਦਾ ਰਿਹਾ ਅਤੇ ਕਦੀ ਇੱਕ ਵੇਲੇ ਵੀ ਢਿੱਡ ਭਰ ਕੇ ਨਾ ਖਾਧਾ।

ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਦੇ ਕੋਲ ਆਪ ﷺ ਦਾ ਬਿਸਤਰਾ ਚਮੜੇ ਦਾ ਸੀ ਜਿਸ ਵਿੱਚ ਖਜੂਰ ਦੇ ਰੇਸ਼ੇ ਭਰੇ ਹੋਏ ਸਨ। ਹਜ਼ਰਤ ਹਫ਼ਸਾ ਰਜ਼ਿਯੱਲਾਹੁ ਅਨਹਾ ਦੇ ਕੋਲ ਉਨ੍ਹਾਂ ਦਾ **ਕੰਬਲ** ਸੀ ਜਿਸ ਦੀਆਂ ਉਹ ਦੋ ਤਹਾਂ ਲਗਾਉਂਦੀਆਂ ਸਨ। ਇੱਕ ਰਾਤ ਚਾਰ ਤਹਾਂ ਲਾ ਦਿੱਤੀਆਂ ਤਾਂ ਆਪ ﷺ ਨੇ ਸਵੇਰੇ ਫ਼ਰਮਾਇਆ ਕਿ ਇਸ ਨੂੰ ਪਹਿਲੇ ਜਿਹਾ ਹੀ ਰਹਿਣ ਦਿਓ ਕਿਉਂਕਿ ਇਸ ਦੀ ਨਰਮੀ ਮੇਰੇ ਲਈ ਰਾਤ ਨਮਾਜ਼ ਵਿੱਚ ਰੋਕ ਬਣ ਰਹੀ ਸੀ। ਇਸ ਤੋਂ ਮੁਰਾਦ ਨੀਂਦ ਨਹੀਂ ਬਲਕਿ ਬਿਸਤਰੇ 'ਤੇ ਖੜੇ ਹੋ ਕੇ ਨਮਾਜ਼ ਪੜ੍ਹਨ ਵਿੱਚ ਸੰਤੁਲਨ ਅਤੇ ਇਬਾਦਤ ਦਾ ਮਜ਼ਾ ਸੀ। ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਬਿਆਨ ਕਰਦੇ ਹਨ ਕਿ ਘਰ ਵਿੱਚ ਚਿਰਾਗ਼ ਨਹੀਂ ਹੁੰਦੇ ਸਨ। ਜਦ ਆਪ ﷺ ਸਜਦਾ ਕਰਦੇ ਤਾਂ ਮੈਨੂੰ ਹੱਥ ਨਾਲ ਦਬਾਉਂਦੇ ਅਤੇ ਮੈਂ ਪੈਰ ਇਕੱਠੇ ਲੈਂਦੀ ਅਤੇ ਜਦ ਖੜੇ ਹੁੰਦੇ ਤਾਂ ਫੈਲਾ ਦਿੰਦੀ। ਹਜ਼ਰਤ ਅਬਦੁੱਲਾਹ ਅਤੇ ਹਜ਼ਰਤ ਅਬਦੁੱਲਾ ਬਿਨ ਮਸਊਦ ਰਜ਼ਿਯੱਲਾਹੁ ਅਨਹੁਮਾ ਬਿਆਨ ਕਰਦੇ ਹਨ ਕਿ ਆਪ ﷺ ਚਟਾਈ 'ਤੇ ਸੁੱਤੇ ਜਿਸ ਨੇ ਵੱਖੀ 'ਤੇ ਨਿਸ਼ਾਨ ਪਾ ਦਿੱਤੇ। ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ਿਯੱਲਾਹੁ ਅਨਹੁ ਰੋ ਪਏ ਕਿ ਕਿਸਰਾ ਅਤੇ ਕ਼ੈਸਰ ਰੇਸ਼ਮ ਅਤੇ ਦੇਬਾਜ 'ਤੇ ਚੱਲਦੇ ਹਨ। ਆਪ ﷺ ਨੇ ਫ਼ਰਮਾਇਆ: ਨਾ ਰੋ, ਉਨ੍ਹਾਂ ਦੇ ਲਈ ਦੁਨੀਆ ਹੈ ਅਤੇ ਸਾਡੇ ਲਈ ਆਖ਼ਿਰਤ। ਮੇਰੀ ਅਤੇ ਦੁਨੀਆ ਦੀ ਮਿਸਾਲ ਉਸ ਸਵਾਰ ਜਿਹੀ ਹੈ ਜਿਹੜਾ ਦਰਖ਼ਤ ਦੇ ਥੱਲੇ ਠਹਿਰੇ ਅਤੇ ਫਿਰ ਰਵਾਨਾ ਹੋ ਜਾਵੇ। ਹਜ਼ਰਤ ਉਮਰ ਰਜ਼ਿਯੱਲਾਹੁ ਅਨਹੁ ਨੇ ਉਤਲੀ ਮੰਜ਼ਿਲ ਵਿੱਚ ਆਪ ﷺ ਨੂੰ ਬੋਰੀਏ 'ਤੇ ਦੇਖਿਆ ਜਿਸ ਦੇ ਨਿਸ਼ਾਨ ਵੱਖੀ 'ਤੇ ਸਨ ਅਤੇ ਸਿਰ ਦੇ ਥੱਲੇ ਖਜੂਰ ਦੀ ਛੱਲ ਦਾ **ਸਿਰਹਾਣਾ** ਸੀ। ਉਹ ਰੋ ਪਏ ਤਾਂ ਆਪ ﷺ ਨੇ ਇਹੀ ਫ਼ਰਮਾਇਆ ਕਿ ਤੂੰ ਇਸ ਗੱਲ 'ਤੇ ਖ਼ੁਸ਼ ਨਹੀਂ ਕਿ ਉਨ੍ਹਾਂ ਦੇ ਲਈ ਦੁਨੀਆ ਹੋਵੇ ਅਤੇ

ਸਾਡੇ ਲਈ ਆਖ਼ਿਰਤ। ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਤੋ ਸਲਾਮ੍ ਨੇ ਵੀ ਇਸ ਵਾਕ਼ੇ ਦਾ ਜ਼ਿਕਰ ਫ਼ਰਮਾਇਆ ਕਿ ਆਪ ﷺ ਨੇ ਫ਼ਰਮਾਇਆ ਕਿ ਮੈਂ ਤਾਂ ਉਸ **ਮੁਸਾਫ਼ਿਰ** ਦੀ ਤਰ੍ਹਾਂ ਹਾਂ ਜਿਹੜਾ ਊਠ 'ਤੇ ਸਵਾਰ ਗਰਮੀ ਵਿੱਚ ਦਰਖ਼ਤ ਦੀ ਛਾਂ ਹੇਠ ਕੁੱਝ ਦੇਰ ਆਰਾਮ ਕਰ ਲਵੇ ਅਤੇ ਪਸੀਨਾ ਸੁੱਕਦੇ ਹੀ ਚੱਲ ਪਵੇ।

ਹਜ਼ਰਤ ਮੁਸ੍ਲਿਹ੍ ਮੌਊਦ੍ ਰਜ਼ਿਯੱਲਾਹੁ ਅਨਹੁ ਨੇ ਆਪ ﷺ ਦੀ ਸੀਰਤ 'ਤੇ ਜੋ ਲਿਖਿਆ ਉਸ ਦਾ ਖ਼ੁਲਾਸਾ (ਸਾਰ) ਇਵੇਂ ਹੈ ਕਿ ਆਪ ﷺ ਮਾਲ ਦੀ ਵੰਡ ਵਿੱਚ ਇੰਨੀ ਇਹਤਿਆਤ ਕਰਦੇ ਸਨ ਕਿ ਹਜ਼ਰਤ ਫ਼ਾਤਿਮਾ ਅਤੇ ਹਜ਼ਰਤ ਅਲੀ ਰਜ਼ਿਯੱਲਾਹੁ ਅਨਹੁਮਾ ਦਾ ਹੱਕ਼ ਹੋਣ ਦੇ ਬਾਵਜੂਦ ਨੌਕਰ ਨਾ ਦਿੱਤਾ ਤਾਂ ਜੋ ਆਇੰਦਾ ਬਾਦਸ਼ਾਹ ਲੋਕਾਂ ਦੇ ਮਾਲ ਨੂੰ ਆਪਣੇ ਲਈ ਜਾਇਜ਼ ਨਾ ਸਮਝ ਲੈਣ। ਹਜ਼ਰਤ ਅਲੀ ਰਜ਼ਿਯੱਲਾਹੁ ਅਨਹੁ ਦੇ ਮੁਤਾਬਿਕ਼ ਹਜ਼ਰਤ ਫ਼ਾਤਿਮਾ ਰਜ਼ਿਯੱਲਾਹੁ ਅਨਹਾ ਦੇ ਦਾਜ ਵਿੱਚ ਸਿਰਫ਼ ਇੱਕ ਰੇਸ਼ਮੀ ਚਾਦਰ, ਚਮੜੇ ਦਾ ਗੱਦਾ, ਜਿਸ ਵਿੱਚ ਖਜੂਰ ਦੇ ਰੇਸ਼ੇ ਸਨ, ਦੋ ਆਟਾ ਪੀਹਣ ਦੀਆਂ ਚੱਕੀਆਂ, ਇੱਕ ਮਸ਼ਕੀਜ਼ਾ ਅਤੇ ਦੋ ਘੜੇ ਸਨ। ਹਜ਼ਰਤ ਆਇਸ਼ਾ ਅਤੇ ਹਜ਼ਰਤ ਉੱਮਿ ਸਲਮਾ ਰਜ਼ਿਯੱਲਾਹੁ ਅਨਹੁਮਾ ਨੇ ਮਿੱਟੀ ਨਾਲ਼ ਕਮਰੇ ਦੀ **ਲਿਪਾਈ** ਕੀਤੀ, ਖਜੂਰ ਦੀ ਛੱਲ ਦੇ ਦੋ **ਸਿਰਹਾਣੇ** ਬਣਾਏ, ਖਜੂਰ ਅੰਗੂਰ ਅਤੇ ਮਿੱਠਾ ਪਾਣੀ ਪਿਆਇਆ ਅਤੇ ਫ਼ਰਮਾਇਆ ਕਿ ਅਸੀਂ ਹਜ਼ਰਤ ਫ਼ਾਤਿਮਾ ਰਜ਼ਿਯੱਲਾਹੁ ਅਨਹਾ ਦੇ ਵਿਆਹ ਤੋਂ ਜ਼ਿਆਦਾ ਵਧੀਆ ਅਤੇ ਸਾਦਾ ਵਿਆਹ ਕੋਈ ਨਹੀਂ ਦੇਖਿਆ।

ਹਜ਼ਰਤ ਮੁਸ੍ਲਿਹ੍ ਮੌਊਦ੍ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ: ਆਪ ﷺ ਆਖ਼ਰੀ ਉਮਰ ਵਿੱਚ ਬਾਦਸ਼ਾਹ ਸਨ ਪਰ ਦੁਨਿਆਵੀ ਫ਼ਾਇਦੇ ਕੋਈ ਹਾਸਿਲ ਨਹੀਂ ਕੀਤੇ। ਨਾ **ਜਾਇਦਾਦਾਂ** ਆਪਣੀਆਂ ਕ਼ਰਾਰ ਦਿੱਤੀਆਂ ਅਤੇ ਨਾ **ਵਿਰਸੇ** ਵਿੱਚ ਸ਼ਾਮਿਲ ਕੀਤੀਆਂ। ਵਫ਼ਾਤ ਦੇ ਵੇਲ਼ੇ ਵੀ ਆਪ ﷺ ਦੀਆਂ ਚੀਜ਼ਾਂ ਘਰ ਦੇ ਖ਼ਰਚੇ ਲਈ ਗਹਿਣੇ ਰੱਖੀਆਂ ਹੋਈਆਂ ਸਨ। ਜਦ ਮਾਲਿ ਗ਼ਨੀਮਤ ਵਿੱਚੋਂ ਹਜ਼ਰਤ ਫ਼ਾਤਿਮਾ ਰਜ਼ਿਯੱਲਾਹੁ ਅਨਹਾ ਨੇ ਨੌਕਰਾਣੀ ਮੰਗੀ ਤਾਂ ਆਪ ﷺ ਨੇ ਫ਼ਰਮਾਇਆ ਕਿ ਇਹ ਮਾਲ ਮੇਰਾ ਨਹੀਂ ਖ਼ੁਦਾ ਦਾ ਹੈ। ਤੂੰ ਖ਼ੁਦਾ ਦਾ ਜ਼ਿਕਰ ਕਰਿਆ ਕਰ ਅਤੇ ਨੌਕਰਾਣੀ ਦਾ ਖ਼ਿਆਲ ਛੱਡ ਦੇ। ਹਜ਼ਰਤ ਅਸਵਦ ਰਜ਼ਿਯੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਦੱਸਿਆ ਕਿ ਆਪ ﷺ ਘਰ ਵਾਲਿਆਂ ਦੇ ਕੰਮ ਕਾਜ ਵਿੱਚ ਮਦਦ ਕਰਿਆ ਕਰਦੇ ਸਨ ਅਤੇ ਜਦ ਨਮਾਜ਼ ਦਾ ਵੇਲ਼ਾ ਹੁੰਦਾ ਤਾਂ ਨਮਾਜ਼ ਦੇ ਲਈ ਤਸ਼ਰੀਫ਼ ਲੈ ਜਾਂਦੇ। ਹਜ਼ਰਤ ਹਸਨਾ ਬਿਨ ਖ਼ਾਲਿਦ ਅਤੇ ਹਜ਼ਰਤ ਸਵਾਦ ਬਿਨ ਖ਼ਾਲਿਦ ਰਜ਼ਿਯੱਲਾਹੁ ਅਨਹੁਮਾ ਨੇ ਆਪ ﷺ ਨੂੰ **ਕੰਧ** ਦੀ ਮੁਰੰਮਤ ਖ਼ੁਦ ਕਰਦੇ ਦੇਖਿਆ ਤਾਂ ਨਾਲ਼ ਹੱਥ ਵਟਾਇਆ। ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਬਿਆਨ ਕਰਦੇ ਹਨ ਕਿ ਆਪ ﷺ ਦੂਸਰੇ ਇਨਸਾਨਾਂ ਦੀ ਤਰ੍ਹਾਂ ਇੱਕ ਇਨਸਾਨ ਸਨ ਆਪਣੇ ਕੱਪੜੇ ਆਪ **ਸਾਫ਼** ਕਰ ਲੈਂਦੇ, ਬਕਰੀ ਦਾ ਦੁੱਧ **ਚੋ** ਲੈਂਦੇ ਅਤੇ ਆਪਣਾ ਕੰਮ **ਖ਼ੁਦ** ਕਰਦੇ ਸਨ। ਕਾਫ਼ਿਰ ਕਹਿੰਦੇ ਸਨ ਕਿ ਇਹ ਕਜਿਹਾ ਰਸੂਲ ਹੈ ਜਿਹੜਾ ਖਾਣਾ ਖਾਂਦਾ ਹੈ ਅਤੇ ਬਾਜ਼ਾਰਾਂ ਵਿੱਚ ਚੱਲਦਾ ਫਿਰਦਾ ਹੈ। ਆਪ ﷺ ਨੇ **ਨਿਮਰਤਾ** ਇਖ਼ਤਿਆਰ ਕੀਤੀ ਅਤੇ **ਹਉਮੈ** ਤੋਂ ਬਚਣ ਦੀ ਅਮਲੀ ਤਾਲੀਮ ਦਿੱਤੀ। ਹਜ਼ਰਤ ਅਬੂ ਹੁਰੈਰਾ ਰਜ਼ਿਯੱਲਾਹੁ ਅਨਹੁ ਤੋ ਰਿਵਾਇਤ ਹੈ ਕਿ ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਨੇ ਕੋਈ ਅਜਿਹਾ ਨਬੀ ਨਹੀਂ ਭੇਜਿਆ ਜਿਸ ਨੇ ਬਕਰੀਆਂ ਨਾ ਚਰਾਈਆਂ ਹੋਣ ਅਤੇ ਮੈਂ ਵੀ ਕੁੱਝ ਕ਼ੀਰਾਤ (ਪੈਸਿਆਂ) ਦੇ ਬਦਲੇ ਮੱਕੇ ਵਾਲਿਆਂ ਦੀਆਂ ਬਕਰੀਆਂ ਚਰਾਈਆਂ ਹਨ।

ਸੂਰਤ ਕ਼ਸਸ ਦੀ ਆਯਤ 28 ਅਤੇ 29 ਵਿੱਚ ਹਜ਼ਰਤ ਮੂਸਾ ਅਲੈਹਿਸ੍ ਸਲਾਮ੍ ਦੀ ਮਜ਼ਦੂਰੀ ਅਤੇ ਕੰਮ ਕਰਨ ਦਾ ਜ਼ਿਕਰ ਹੈ। ਵਿਆਖਿਆ ਕਾਰ ਅਤੇ ਸੱਯਦ ਜ਼ੈਨੁਲ ਅਬਿਦੀਨ ਵਲਿਯੁੱਲਾਹ ਸ਼ਾਹ ਰਹਮਤੁੱਲਾਹਿ ਅਲੈਹਿ ਨੇ ਵਿਆਖਿਆ ਕੀਤੀ ਹੈ ਕਿ ਕ਼ਰਾਰੀਤ ਕ਼ਰਾਤ ਦਾ ਬਹੁਵਚਨ ਹੈ ਜਿਹੜਾ ਚਾਰ ਰੱਤੀ ਚਾਂਦੀ ਦੇ ਬਰਾਬਰ ਦਿਰਹਮ ਦਾ ਹਿੱਸਾ ਸੀ ਯਾਨੀ ਇਹ ਮਜ਼ਦੂਰੀ ਸੀ ਨਾ ਕਿ ਕਿਸੇ ਜਗ੍ਹਾ ਦਾ ਨਾਮ ਅਤੇ ਅੱਲਾਮਾ ਬੁਰਹਾਨੁਦ ਦੀਨ ਹਲਬੀ ਰਹਮਤੁੱਲਾਹਿ ਅਲੈਹਿ ਨੇ ਵੀ ਇਹੀ ਲਿਖਿਆ ਹੈ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਆਪ ﷺ ਨੇ ਸ਼ੁਰੂਆਤੀ ਉਮਰ **ਯਤੀਮੀ** ਅਤੇ **ਬੇ-ਕਸੀ** ਵਿੱਚ ਗੁਜ਼ਾਰੀ ਅਤੇ ਬਕਰੀਆਂ ਚਰਾਈਆਂ। ਨਬੀਆਂ ਦੇ ਨਾਲ਼ ਗ਼ਰੀਬੀ ਦਾ ਹਿੱਸਾ ਇਸ ਲਈ ਰੱਖਿਆ ਗਿਆ ਹੈ ਤਾਂ ਜੋ ਉਨ੍ਹਾਂ ਵਿੱਚ **ਅਹੰਕਾਰ** ਨਾ ਰਹੇ। ਜੰਗਲ਼ 'ਚੋਂ ਲੰਘਦੇ ਹੋਏ ਆਪ ﷺ ਨੇ ਸਹਾਬਾ ਨੂੰ ਇੱਕ ਦਰਖ਼ਤ ਦਾ

ਮਿੱਠਾ ਫਲ਼ ਖਾਣ ਨੂੰ ਕਿਹਾ ਅਤੇ ਦੱਸਿਆ ਕਿ ਬਕਰੀਆਂ ਚਰਾਉਣ ਵੇਲ਼ੇ ਮੈਂ ਇਹ ਫਲ਼ ਖਾਇਆ ਕਰਦਾ ਸੀ। ਹਜ਼ਰਤ ਮੁਸ੍ਲਿਹ੍ ਮੌਊਦ੍ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਰੋਮ ਅਤੇ ਈਰਾਨ ਦੀਆਂ ਹਕੂਮਤਾਂ ਦੇ ਚਿੱਠੀ ਪੱਤਰਾਂ ਅਤੇ ਨਿਮਾਇੰਦਿਆਂ ਦੀ ਆਮਦ ਦੇ ਬਾਵਜ਼ੂਦ ਆਪ ﷺ ਨੇ ਕੋਈ ਗ਼ੁਲਾਮਾਂ ਦੀ ਜਮਆਤ ਜਾਂ ਨੌਕਰ ਨਾ ਰੱਖਿਆ ਬਲਕਿ ਘਰ ਦੇ ਕੰਮ ਖ਼ੁਦ ਕਰਦੇ ਰਹੇ। ਦੁਨੀਆ ਵਿੱਚ ਬਾਦਸ਼ਾਹ ਹੋ ਕੇ **ਫ਼ਕ਼ੀਰੀ** ਇਖ਼ਤਿਆਰ ਕਰਨਾ ਅਤੇ ਲੱਖਾਂ ਰੁਪਈਆ ਲੋਕਾਂ ਵਿੱਚ ਵੰਡ ਕੇ ਘਰ ਦਾ ਕੰਮ ਖ਼ੁਦ ਕਰਨਾ ਸਿਰਫ਼ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਅਤੇ ਆਪ ﷺ ਦੇ ਖ਼ੁੱਦਾਮ (ਸੇਵਕਾਂ) ਦਾ ਹੀ ਖ਼ਾਸਾ ਹੈ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ **ਮਜ਼ਲੂਮ** ਅਹਿਮਦੀਆਂ ਦੇ ਲਈ ਦੁਆਵਾਂ ਦੀ ਤਹਿਰੀਕ ਕੀਤੀ ਜਿੱਥੇ ਨਫ਼ਾ ਪ੍ਰਸਤ ਅਤੇ ਦਹਿਸ਼ਤਗਰਦ ਅਨਸਰ ਅਹਿਮਦੀਆਂ ‘ਤੇ ਜ਼ੁਲਮ ਕਰ ਰਹੇ ਹਨ। ਹਕੂਮਤੀ ਮੁਲਾਜ਼ਿਮ ਪੁਸ਼ਤ ਪਨਾਹੀ ਕਰਦੇ ਹਨ ਅਤੇ ਜੱਜ ਮੁੱਲਾ ਦੇ ਡਰ ਨਾਲ਼ ਜ਼ਮਾਨਤਾਂ ਨਹੀਂ ਲੈਂਦੇ। ਇਸੇ ਤਰ੍ਹਾਂ ਮਲਾਇਸ਼ੀਆ ਵਿੱਚ ਵੀ ਜਮਆਤ ਦੇ ਖ਼ਿਲਾਫ਼ ਹਾਲਾਤ ਖ਼ਰਾਬ ਹਨ ਅਤੇ ਮਸਜਿਦਾਂ ‘ਤੇ ਛਾਪੇ ਮਾਰੇ ਜਾਂਦੇ ਹਨ। ਅੱਲਾਹ ਤਆਲਾ ਮਲਾਇਸ਼ੀਅਨ ਅਹਿਮਦੀਆਂ ਨੂੰ ਵੀ ਆਪਣੀ **ਹਿਫ਼ਾਜ਼ਤ** ਵਿੱਚ ਰੱਖੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞